# ਕੋਵਿਡ-19 ਦੇ ਦੌਰਾਨ 27 ਜੁਲਾਈ ਤੋਂ ਬ੍ਰੈਂਪਟਨ ਟ੍ਰਾਂਜ਼ਿਟ ਸੇਵਾ ਵਿੱਚ ਤਬਦੀਲੀਆਂ ਅਤੇ ਸੀਨੀਅਰ ਆਈ.ਡੀ. ਕਾਰਡਾਂ ਲਈ ਨਵੀਂ ਔਨਲਾਈਨ ਅਰਜ਼ੀ ਪ੍ਰਕਿਰਿਆ

ਬ੍ਰੈਂਪਟਨ, ਓਨਟੈਰੀਓ (21 ਜੁਲਾਈ, 2020) – ਸਿਟੀ ਨੂੰ ਦੁਬਾਰਾ ਖ੍ਹੋਲਣ ਅਤੇ ਬਹਾਲੀ ਯੋਜਨਾ ਦੇ ਹਿੱਸੇ ਦੇ ਤੌਰ ਤੇ, ਸੋਮਵਾਰ, 27 ਜੁਲਾਈ ਤੋਂ, ਅਗਲੇ ਨੋਟਿਸ ਤੱਕ, ਬੱਸ ਸੇਵਾ ਵਿੱਚ ਹੇਠਾਂ ਲਿਖੀਆਂ ਤਬਦੀਲੀਆਂ ਹੋਣਗੀਆਂ।

**ਸੇਵਾ ਵਿੱਚ ਤਬਦੀਲੀਆਂ**

ਇਹ ਯਕੀਨੀ ਬਣਾਉਣ ਲਈ ਕਿ ਸਾਡਾ ਟ੍ਰਾਂਜ਼ਿਟ ਸਿਸਟਮ, ਲੋਕਾਂ ਨੂੰ ਸਿਟੀ ਵਿੱਚ ਚੰਗੀ ਤਰ੍ਹਾਂ ਗਤੀਸ਼ੀਲ ਰੱਖ ਸਕਦਾ ਹੈ, 27 ਜੁਲਾਈ ਤੋਂ ਸ਼ੁਰੂ ਕਰਦੇ ਹੋਏ, ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਦੇ ਹੇਠਾਂ ਦਿੱਤੇ ਰੂਟ ਚਾਲੂ ਹੋ ਜਾਣਗੇ।

- 501 ਜ਼ੂਮ ਕਵੀਨ (501 Züm Queen)
- 502 ਜ਼ੂਮ ਮੇਨ (502 Züm Main)
- 511/511A ਜ਼ੂਮ ਸਟੀਲਸ (511/511A Züm Steeles)
- 1/1A ਕਵੀਨ (1/1A Queen)
- 2 ਮੇਨ (2 Main)
- 3 ਮੈਕਲੌਗਲਿਨ (3 McLaughlin)
- 4/4A ਚਿੰਗਕੂਜ਼ੀ (4/4A Chinguacousy)
- 5/5A ਬੋਵੇਅਰਡ (5/5A Bovaird)
- 6 ਜੇਮਸ ਪੋਟਰ (6 James Potter)
- 7/7A ਕੈਨੇਡੀ (7/7A Kennedy)
- 8 ਸੈਂਟਰ (8 Centre)
- 9 ਵੋਡਨ (9 Vodden)
- 10 ਸਾਊਥ ਇੰਡਸਟ੍ਰੀਅਲ (10 South Industrial)
- 11/11A ਸਟੀਲਸ (11/11A Steeles)
- 14/14A ਟੋਰਬਰੈਮ (14/14A Torbram)
- 15 ਬ੍ਰੈਮਲੀ (15 Bramalea)
- 18 ਡਿਕਸੀ (18 Dixie)
- 20A ਈਸਟ ਇੰਡਸਟ੍ਰੀਅਲ (20A East Industrial)
- 23 ਸੈਂਡਲਵੁੱਡ (23 Sandalwood)
- 26 ਮਾਊਂਟ ਪਲੈਜ਼ੈਂਟ (26 Mount Pleasant)
- 29 ਵਿਲੀਅਮਸ ਪਾਰਕਵੇ (29 Williams Parkway)
- 30 ਏਅਰਪੋਰਟ ਰੋਡ (30 Airport Road)
- 31 ਮੈਕਵੀਨ (31 McVean)

- 35 ਕਲਾਰਕਵੇ (35 Clarkway)
- 50 ਗੋਰ ਰੋਡ (50 Gore Road)
- 51 ਹੈਰਫੋਰਡ (51 Hereford)
- 52 ਮੈਕਮਰਚੀ (52 McMurchy)
- 53 ਰੇ ਲਾੱਸਨ (53 Ray Lawson)
- 56 ਕਿੰਗਨੋਲ (56 Kingknoll)
- 57 ਚਾਰੋਲੇਸ (57 Charolais)
- 60 ਮਿਸੀਸਾਗਾ (60 Mississauga)
- 115 ਪੀਅਰਸਨ ਏਅਰਪੋਰਟ ਐਕਸਪ੍ਰੈਸ (115 Pearson Airport Express)

ਇਸ ਵੇਲੇ ਜਿਹਨਾਂ ਰੂਟਾਂ ਤੇ ਸੇਵਾ ਚਾਲੂ ਹੈ, ਉਹਨਾਂ ਦੀ ਅਤੇ ਉਹਨਾਂ ਦੇ ਸ਼ੈਡਿਊਲ ਦੀ ਸੂਚੀ ਲਈ www.bramptontransit.com ਤੇ ਜਾਓ।

ਸਵਾਰੀਆਂ ਨੂੰ ਯਾਦ ਕਰਾਇਆ ਜਾਂਦਾ ਹੈ ਕਿ ਬ੍ਰੈਮਲੀ (Bramalea), ਬ੍ਰੈਂਪਟਨ ਗੇਟਵੇ (Brampton Gateway) ਅਤੇ ਡਾਊਨਟਾਊਨ (Downtown) ਟਰਮੀਨਲਾਂ ਵਿਖੇ ਟਰਮੀਨਲ ਦੀ ਬਿਲਡਿੰਗ ਦਾ ਸਮਾਂ ਸਵੇਰੇ 6 ਵਜੇ ਤੋਂ ਰਾਤ 9 ਵਜੇ ਤੱਕ ਹੈ। ਟ੍ਰਿਨਿਟੀ ਕੌਮਨ (Trinity Common) ਟਰਮੀਨਲ ਬੰਦ ਰਹੇਗਾ। ਟਰਮੀਨਲਾਂ ਵਿਖੇ ਗਾਹਕ ਸੇਵਾ (Customer Service) ਘੰਟਿਆਂ ਬਾਰੇ ਜਾਣਨ ਲਈ, www.bramptontransit.com ਤੇ ਜਾਓ।

**ਸੀਨੀਅਰ ਆਈ.ਡੀ. (ID) ਕਾਰਡਾਂ ਲਈ ਨਵੀਂ ਔਨਲਾਈਨ ਅਰਜ਼ੀ ਪ੍ਰਕਿਰਿਆ**

ਬਜ਼ੁਰਗ ਆਪਣੇ ਬ੍ਰੈਂਪਟਨ ਟ੍ਰਾਂਜ਼ਿਟ ਸੀਨੀਅਰ ਆਈ.ਡੀ. ਕਾਰਡਾਂ ਲਈ, ਹੁਣ ਔਨਲਾਈਨ ਅਰਜ਼ੀ ਦੇ ਸਕਦੇ ਹਨ। ਬਿਨੈਕਾਰਾਂ ਨੂੰ www.bramptontransit.com ਤੇ ਔਨਲਾਈਨ ਫਾਰਮ ਪੂਰਾ ਕਰਨ ਦੀ ਲੋੜ ਹੈ ਅਤੇ ਆਪਣੀ ਉਮਰ ਦਾ, ਬ੍ਰੈਂਪਟਨ ਵਿੱਚ ਰਿਹਾਇਸ਼ ਦਾ ਸਬੂਤ ਅਤੇ ਆਪਣੇ ਕਾਰਡਾਂ ਉੱਤੇ ਲਗਾਈ ਜਾਣ ਵਾਲੀ ਫੋਟੋ ਅਟੈਚ (ਨੱਥੀ) ਕਰਨ ਦੀ ਲੋੜ ਹੈ। ਉਸਦੇ ਬਾਅਦ, ਬਿਨੈਕਾਰ ਨੂੰ ਡਾਕ ਰਾਹੀਂ ਕਾਰਡ ਭੇਜ ਦਿੱਤਾ ਜਾਵੇਗਾ।

ਸਾਰੇ ਐਕਟਿਵ (ਸਕਿਰਿਆ) ਸੀਨੀਅਰ ਆਈ.ਡੀ. ਕਾਰਡਾਂ ਤੇ, ਅਨਿਸ਼ਚਿਤ ਸਮੇਂ ਤੱਕ ਕੋਈ ਐਕਸਪਾਇਰੀ ਡੇਟਾਂ (ਮਿਆਦ ਪੁੱਗਣ ਦੀਆਂ ਤਾਰੀਖਾਂ) ਨਹੀਂ ਹੋਣਗੀਆਂ। ਬਜ਼ੁਰਗ, ਅਗਲੇ ਨੋਟਿਸ ਤੱਕ ਆਪਣੇ ਐਕਸਪਾਇਰਡ ਕਾਰਡ ਵਰਤਣਾ ਜਾਰੀ ਰੱਖ ਸਕਦੇ ਹਨ।

ਜੇਕਰ ਬਜ਼ੁਰਗਾਂ ਦਾ ਬ੍ਰੈਂਪਟਨ ਟ੍ਰਾਂਜ਼ਿਟ ਸੀਨੀਅਰ ਆਈ.ਡੀ. ਕਾਰਡ ਗੁਆਚ ਗਿਆ ਹੋਵੇ ਅਤੇ ਉਹਨਾਂ ਨੂੰ ਬਦਲੀ (ਰਿਪਲੇਸਮੈਂਟ) ਕਾਰਡ ਦੀ ਲੋੜ ਹੋਵੇ, ਤਾਂ ਉਹ ਕਾਰਡ ਬਦਲੀ ਕਰਨ ਬਾਰੇ ਹੋਰ ਨਿਰਦੇਸ਼ਾਂ ਲਈ, ਸੀਨੀਅਰ ਕਾਰਡ (Senior Card) ਪ੍ਰੋਗਰਾਮ ਨੂੰ 905-874-2750 ਐਕਸਟੈਨਸ਼ਨ 16253 ਤੇ ਸੰਪਰਕ ਕਰ ਸਕਦੇ ਹਨ।

**ਕੋਵਿਡ-19 ਤੋਂ ਸੁਰੱਖਿਆ ਸਬੰਧੀ ਉਪਾਅ**

ਵੱਧ ਵਾਰ ਸਫਾਈ ਅਤੇ ਸੈਨੀਟਾਈਜ਼ ਕਰਨ ਦਾ ਸ਼ੈਡਿਊਲ ਪਹਿਲਾਂ ਵਾਂਗ ਹੀ ਪ੍ਰਭਾਵੀ ਰਹੇਗਾ। ਹਰ 48 ਘੰਟਿਆਂ ਵਿੱਚ ਸਾਰੀਆਂ ਠੋਸ ਸਤ੍ਹਾਵਾਂ, ਓਪਰੇਟਰ ਕੰਪਾਰਟਮੈਂਟਸ ਅਤੇ ਸੀਟਾਂ ਨੂੰ ਰੋਗਾਣੂ ਮੁਕਤ ਕਰਨਾ, ਬ੍ਰੈਂਪਟਨ ਟ੍ਰਾਂਜ਼ਿਟ ਦਾ ਟੀਚਾ ਹੈ। ਇਸ ਵੇਲੇ ਬੱਸਾਂ ਨੂੰ ਹਰੇਕ 24 ਘੰਟਿਆਂ ਵਿੱਚ ਸੈਨੀਟਾਈਜ਼ ਕੀਤਾ ਜਾ ਰਿਹਾ ਹੈ। ਜਿਹਨਾਂ ਫੈਸਿਲਿਟੀਜ਼ ਅਤੇ ਟਰਮੀਨਲਾਂ ਦੀਆਂ ਠੋਸ ਸਤ੍ਹਾਵਾਂ ਹਨ, ਉਹਨਾਂ ਨੂੰ ਰੋਜ਼ਾਨਾ ਪੂੰਝਿਆ ਜਾ ਰਿਹਾ ਹੈ ਅਤੇ ਸੈਨੀਟਾਈਜ਼ ਕੀਤਾ ਜਾ ਰਿਹਾ ਹੈ।

ਸਿਟੀ, ਸਵਾਰੀਆਂ ਨੂੰ ਬੇਨਤੀ ਕਰਦੀ ਹੈ ਕਿ ਜਿੰਨਾ ਵੱਧ ਤੋਂ ਵੱਧ ਸੰਭਵ ਹੋ ਸਕੇ, ਉਹ ਟਰਮੀਨਲਾਂ ਅਤੇ ਬਸ ਸਟੌਪਸ ਤੇ, ਮਾਸਕ ਪਹਿਨ ਕੇ ਵੀ, ਲਗਾਤਾਰ ਸਰੀਰਕ ਦੂਰੀ ਕਾਇਮ ਰੱਖਣ। ਸਵਾਰੀਆਂ ਨੂੰ ਇਹ ਵੀ ਯਾਦ ਕਰਾਇਆ ਜਾਂਦਾ ਹੈ ਕਿ ਉਹ ਸਫ਼ਰ ਕਰਦੇ ਸਮੇਂ, ਹੈਂਡ ਸੈਨੀਟਾਈਜ਼ਰ ਜਾਂ ਵਾਈਪਸ ਜਿਹੇ, ਖੁਦ ਦੇ ਰੋਗਾਣੂ-ਨਾਸ਼ਕ ਪਦਾਰਥ ਆਪਣੇ ਨਾਲ ਰੱਖਣ ਅਤੇ ਵਾਰ-ਵਾਰ ਆਪਣੇ ਹੱਥ ਧੋਣ ਅਤੇ ਖੰਘਦੇ ਜਾਂ ਨਿੱਛਾਂ ਮਾਰਦੇ ਸਮੇਂ, ਮੂੰਹ ਨੂੰ ਆਪਣੀ ਕੂਹਣੀ ਨਾਲ ਢਕ ਲੈਣ। ਜੇਕਰ ਤੁਸੀਂ ਬੀਮਾਰ ਹੋ, ਤਾਂ ਕਿਰਪਾ ਕਰਕੇ ਟ੍ਰਾਂਜ਼ਿਟ ਤੇ ਸਫ਼ਰ ਕਰਨ ਤੋਂ ਪਰਹੇਜ਼ ਕਰੋ, ਨੇੜਲੀ ਕੋਵਿਡ-19 (COVID-19) ਅਸੈਸਮੈਂਟ ਸਾਈਟ ਵਿਖੇ ਟੈਸਟ ਕਰਵਾਓ ਅਤੇ ਪਬਲਿਕ ਹੈਲਥ ਦੇ ਨਿਰਦੇਸ਼ਾਂ ਦੀ ਪਾਲਣਾ ਕਰੋ।

ਪੀਲ ਪਬਲਿਕ ਹੈਲਥ (Peel Public Health) ਦੀ ਸਲਾਹ ਨਾਲ, ਸਵਾਰੀਆਂ ਨੂੰ ਯਾਦ ਕਰਾਇਆ ਜਾਂਦਾ ਹੈ ਕਿ ਬੱਸਾਂ ਤੇ ਅਤੇ ਟਰਮੀਨਲਾਂ ਵਿਖੇ ਗੈਰ-ਮੈਡੀਕਲ ਮਾਸਕ (ਕੱਪੜੇ ਦੇ ਬਣੇ ਸਧਾਰਨ ਮਾਸਕ) ਲਾਜ਼ਮੀ ਹਨ। ਸਿਟੀ ਆਫ ਬ੍ਰੈਂਪਟਨ, ਜੋਖਮਾਂ ਦਾ ਲਗਾਤਾਰ ਨਿਰੀਖਣ ਕਰਨ ਲਈ ਪੀਲ ਪਬਲਿਕ ਹੈਲਥ ਅਤੇ ਬ੍ਰੈਂਪਟਨ ਐਮਰਜੈਂਸੀ ਮੈਨੇਜਮੈਂਟ ਆਫਿਸ (Brampton Emergency Management Office) ਵਿਖੇ ਆਪਣੇ ਭਾਈਵਾਲਾਂ ਦੇ ਨਾਲ ਮਿਲ ਕੇ ਕੰਮ ਕਰ ਰਹੀ ਹੈ।

ਨਿਯਮਿਤ ਅੱਪਡੇਟਾਂ ਲਈ www.brampton.ca/covid19 ਤੇ ਜਾਓ ਅਤੇ ਸੇਵਾ ਅੱਪਡੇਟਾਂ ਲਈ bramptontransit.com ਤੇ ਜਾਓ ਜਾਂ Twitter ਤੇ @bramptontransit ਨੂੰ ਫਾੱਲੋ ਕਰੋ। ਸਵਾਲ ਸਿੱਧੇ ਬ੍ਰੈਂਪਟਨ ਟ੍ਰਾਂਜ਼ਿਟ ਦੇ ਸੰਪਰਕ ਕੇਂਦਰ (Contact Centre) ਵਿਖੇ 905.874.2999 ਤੇ ਪੁੱਛੇ ਜਾ ਸਕਦੇ ਹਨ।

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca